# FINAL EAMINATION (04 March 2015)

Class - IX

Paper - PUNJABI

Time: 3 hrs. M.M: 90

ਗਿਆਨ ਵਿਚਾਰ:

1. ਹੇਠਾਂ ਦਿੱਤੇ ਅਣਡਿੱਠੇ ਪੈਰਿਆਂ ਨੂੰ ਧਿਆਨ ਨਾਲ ਪੜ੍ਹ ਕੇ, ਹੇਠ ਦਿੱਤੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ: (2×5=10)

ਆਪਣੇ-ਆਪ ਨੂੰ ਅਗਾਂਹਵਧੂ ਤੇ ਆਧੁਨਿਕ ਕਹਿਣ ਵਾਲੇ ਕਈ ਪੰਜਾਬੀ-ਘਰਾਂ ਵਿਚ ਪੱਛਮੀ ਸੱਭਿਅਤਾ ਦਾ ਬੋਲਬਾਲਾ ਹੈ। ਉੱਥੇ ਕੀ ਨਿੱਕੇ ਤੇ ਕੀ ਵੱਡੇ ਸਭ ਅੰਗਰੇਜ਼ੀ ਵਿਚ ਹੀ ਗੱਲਬਾਤ ਕਰਦੇ ਹਨ। ਪੰਜਾਬੀ ਬੋਲਣ ਵਿਚ ਉਨ੍ਹਾਂ ਨੂੰ ਸ਼ਰਮ ਆਉਂਦੀ ਹੈ। ਪਰ ਜਦੋਂ ਉਨ੍ਹਾਂ ਨੂੰ ਅਤਿ ਦਾ ਦੁੱਖ ਲਗਦਾ ਹੈ ਤਾਂ ਉਦੋਂ ਉਨ੍ਹਾਂ ਦੇ ਮੂੰਹੋਂ 'ਹਾਏ ਰੱਬਾ' ਹੀ ਨਿਕਲਦਾ ਹੈ। ਇਸ ਵੇਲੇ ਮਤਰੇਈ ਮਾਂ ਅੰਗਰੇਜ਼ੀ ਨਹੀਂ ਸਗੋਂ ਸਕੀ ਮਾਂ ਪੰਜਾਬੀ ਹੀ ਕੰਮ ਆਉਂਦੀ ਹੈ। ਮਾਤ-ਭਾਸ਼ਾ ਉਹ ਭਾਸ਼ਾ ਹੁੰਦੀ ਹੈ ਜੋ ਬੱਚਾ ਆਪਣੀ ਮਾਂ ਦੇ ਦੁੱਧ ਨਾਲ ਹੀ ਸਿੱਖਦਾ ਹੈ। ਜੀਵਨ ਦਾ ਮੁਢਲਾ ਅਨੁਭਵ ਉਹ ਇਸੇ ਬੋਲੀ ਰਾਹੀਂ ਗ੍ਰਹਿਣ ਕਰਦਾ ਹੈ। ਜੋ ਕਮਾਲ ਉਸ ਨੂੰ ਮਾਤ-ਭਾਸ਼ਾ ਵਿਚ ਆਪਣੇ ਖ਼ਿਆਲ ਪ੍ਰਗਟਾਉਣ ਵਿਚ ਹਾਸਲ ਹੁੰਦਾ ਹੈ, ਉਹ ਕਿਸੇ ਹੋਰ ਭਾਸ਼ਾ ਵਿਚ ਨਹੀਂ ਹੁੰਦਾ। ਪੰਜਾਬੀ ਦੇ ਸਿਰਮੌਰ ਕਵੀ ਭਾਈ ਵੀਰ ਸਿੰਘ ਜੀ ਨੇ ਅਤੇ ਬੰਗਲਾ ਭਾਸ਼ਾ ਦੇ ਮਹਾਨ ਸਿਰਜਕ ਰਵਿੰਦਰਨਾਥ ਟੈਗੋਰ ਜੀ ਨੇ ਕੇਵਲ ਤੇ ਕੇਵਲ ਆਪਣੀਆਂ ਮਾਤ-ਭਾਸ਼ਾਵਾਂ ਵਿਚ ਹੀ ਰਚਨਾ ਕੀਤੀ ਹੈ। ਸਾਡੀ ਸਰਕਾਰ ਵੱਲੋਂ, ਹਰ ਪ੍ਰਾਂਤ ਵਿਚ, ਮਾਤ-ਭਾਸ਼ਾ ਨੂੰ ਵਿੱਦਿਆ ਦਾ ਮਾਧਿਅਮ ਬਣਾਉਣ ਦਾ ਇਕ ਸ਼ਲਾਘਾਯੋਗ ਨਿਰਨਾ ਹੈ।

1. ਆਪਣੇ-ਆਪ ਨੂੰ ਅਗਾਂਹਵਧੂ ਤੇ ਆਧੁਨਿਕ ਕਹਿਣ ਵਾਲੇ ਘਰਾਂ ਵਿਚ ਕਿਹੜੀ ਸੱਭਿਅਤਾ ਦਾ ਬੋਲਬਾਲਾ ਹੈ ?
   - (ੳ) ਪੰਜਾਬੀ ☐ (ਅ) ਪਾਕਿਸਤਾਨੀ ☐
   - (ੲ) ਪੱਛਮੀ ☐ (ਸ) ਬੰਗਾਲੀ ☐

2. ਅੱਜ-ਕੱਲ੍ਹ ਪੰਜਾਬੀ ਘਰਾਂ ਵਿਚ ਲੋਕ ਕਿਹੜੀ ਭਾਸ਼ਾ ਬੋਲਣ ਨੂੰ ਤਰਜੀਹ ਦਿੰਦੇ ਹਨ ?
   - (ੳ) ਪੰਜਾਬੀ ☐ (ਅ) ਹਿੰਦੀ ☐
   - (ੲ) ਅੰਗਰੇਜ਼ੀ ☐ (ਸ) ਉਰਦੂ ☐

3. ਦੁੱਖ ਵੇਲੇ ਪੰਜਾਬੀਆਂ ਦੇ ਮੂੰਹੋਂ ਅਚਨਚੇਤ ਨਿਕਲਿਆ ਸ਼ਬਦ 'ਹਾਏ ਰੱਬਾ' ਕਿਹੜੀ ਭਾਸ਼ਾ ਦਾ ਹੈ ?
   - (ੳ) ਪੰਜਾਬੀ ☐ (ਅ) ਅੰਗਰੇਜ਼ੀ ☐
   - (ੲ) ਹਿੰਦੀ ☐ (ਸ) ਬੰਗਾਲੀ ☐

4. ਭਾਈ ਵੀਰ ਸਿੰਘ ਜੀ ਕਿਹੜੀ ਭਾਸ਼ਾ ਦੇ ਸਿਰਮੌਰ ਕਵੀ ਹਨ ?
   - (ੳ) ਅੰਗਰੇਜ਼ੀ ☐ (ਅ) ਪੰਜਾਬੀ ☐
   - (ੲ) ਹਿੰਦੀ ☐ (ਸ) ਉਰਦੂ ☐

5. ਕਿਹੜੇ ਮਹਾਨ ਸਿਰਜਕ ਨੇ ਆਪਣੀ ਮਾਤ-ਭਾਸ਼ਾ 'ਬੰਗਲਾ ਭਾਸ਼ਾ' ਵਿਚ ਰਚਨਾਵਾਂ ਲਿਖੀਆਂ ?
   - (ੳ) ਭਾਈ ਵੀਰ ਸਿੰਘ ☐ (ਅ) ਸ਼ਿਵ ਕੁਮਾਰ ਬਟਾਲਵੀ ☐
   - (ੲ) ਪ੍ਰੋ: ਪੂਰਨ ਸਿੰਘ ☐ (ਸ) ਰਵਿੰਦਰਨਾਥ ਟੈਗੋਰ ☐

(1) ਮਿੱਠਾ ਬੋਲਣਾ ਦੂਜੇ ਨੂੰ ਵੱਸ ਕਰਨ ਦੇ ਮੰਤਰ ਦੀ ਤਰ੍ਹਾਂ ਹੈ, ਜਿਹੜਾ ਸਾਮ੍ਹਣੇ ਵਾਲੇ ਨੂੰ ਸਹਿਜੇ ਹੀ ਵੱਸ ਵਿਚ ਕਰ ਲੈਂਦਾ ਹੈ। ਕੌੜੇ ਬੋਲ ਤਾਂ ਅੰਦਰ ਤੱਕ ਖੁੱਭ ਜਾਂਦੇ ਹਨ। ਤਲਵਾਰ ਦਾ ਘਾਓ ਤਾਂ ਇਕ ਵਾਰੀ ਭਰ ਸਕਦਾ ਹੈ, ਪਰ ਕੌੜੇ ਬੋਲਾਂ ਦਾ ਨਹੀਂ। ਸ਼ਬਦਾਂ ਦੇ ਤੀਰ ਪਰਤ ਕੇ ਵਾਪਸ ਨਹੀਂ ਆਉਂਦੇ। ਉਨ੍ਹਾਂ ਦਾ ਪ੍ਰਭਾਵ ਜ਼ਰੂਰ ਪੈਂਦਾ ਹੀ ਹੈ। ਇਸ ਲਈ ਮਨੁੱਖ ਨੂੰ ਜਤਨਾਂ ਨਾਲ ਮਿੱਠੇ ਬੋਲ ਹੀ ਬੋਲਣੇ ਚਾਹੀਦੇ ਹਨ। ਮਿੱਠੇ ਬੋਲ ਤਾਂ ਦਵਾਈ ਦੀ ਤਰ੍ਹਾਂ ਹੁੰਦੇ ਹਨ, ਜਿਹੜੇ ਮਨੁੱਖ ਦੇ ਮਨ ਉੱਤੇ ਮਲ੍ਹਮ ਦਾ ਕੰਮ ਕਰਦੇ ਹਨ। ਕੌੜੇ ਬੋਲ ਬੋਲਣ ਵਾਲਾ ਮਨੁੱਖ ਹਮੇਸ਼ਾ ਨਿੰਦਿਆ ਦਾ ਪਾਤਰ ਹੀ ਬਣਦਾ ਹੈ। ਉਸ ਵਿਚ ਗੁੱਸਾ, ਦੁਸ਼ਮਣੀ ਆਦਿ ਵਰਗੇ ਭਾਵਾਂ ਦਾ ਵਿਕਾਸ ਹੁੰਦਾ ਹੈ। ਕੋਈ ਉਸ ਦਾ ਮਿੱਤਰ ਨਹੀਂ ਬਣਦਾ, ਉਹ ਇਕੱਲਾ ਹੀ ਰਹਿ ਜਾਂਦਾ ਹੈ, ਜਦੋਂ ਕਿ ਮਿੱਠੇ ਬੋਲ ਬੋਲਣ ਵਾਲਾ ਮਨੁੱਖ ਸਾਰੀਆਂ ਥਾਵਾਂ 'ਤੇ ਮਾਨ-ਸਨਮਾਨ ਹੀ ਪ੍ਰਾਪਤ ਕਰਦਾ ਹੈ। ਉਸ ਦੇ ਅੰਦਰ ਨਿਮਰਤਾ, ਨੈਤਿਕਤਾ ਅਤੇ ਮਦਦ ਵਰਗੇ ਗੁਣਾਂ ਦਾ ਆਪਣੇ ਆਪ ਹੀ ਵਿਕਾਸ ਹੁੰਦਾ ਰਹਿੰਦਾ ਹੈ। ਮਿੱਠੇ ਬੋਲ ਹੀ ਪਰਿਵਾਰ ਅਤੇ ਸਮਾਜ ਵਿਚ ਸੁਖ-ਸ਼ਾਂਤੀ ਦਾ ਆਧਾਰ ਹੁੰਦੇ ਹਨ।

1. ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਕੀ ਹੋ ਸਕਦਾ ਹੈ ?

(ੳ) ਮਾਨ-ਸਨਮਾਨ (ਅ) ਮਿੱਠੇ ਅਤੇ ਕੌੜੇ ਬੋਲ

(ੲ) ਵਿਕਾਸ (ਸ) ਨੈਤਿਕਤਾ

2. ਕਿਹੜੀ ਚੀਜ਼ ਦਵਾਈ ਦੀ ਤਰ੍ਹਾਂ ਕੰਮ ਕਰਦੀ ਹੈ ?

(ੳ) ਗੁੱਸਾ (ਅ) ਪਿਆਰ

(ੲ) ਮਿੱਠੇ ਬੋਲ (ਸ) ਕੌੜੇ ਬੋਲ

3. ਕੀ ਪਰਤ ਕੇ ਨਹੀਂ ਆਉਂਦਾ, ਪਰ ਉਸ ਦਾ ਪ੍ਰਭਾਵ ਜ਼ਰੂਰ ਪੈਂਦਾ ਹੈ ?

(ੳ) ਸਮਾਂ (ਅ) ਮਨੁੱਖ ਦਾ ਮਨ

(ੲ) ਸ਼ਬਦਾਂ ਦੇ ਤੀਰ (ਸ) ਦੁਸ਼ਮਣੀ

4. ਕਿਸ ਤਰ੍ਹਾਂ ਦੇ ਬੋਲ ਬੋਲਣ ਵਾਲਾ ਵਿਅਕਤੀ ਨਿੰਦਿਆ ਦਾ ਪਾਤਰ ਬਣਦਾ ਹੈ ?

(ੳ) ਪਿਆਰੇ (ਅ) ਕੂੜ

(ੲ) ਕੌੜੇ (ਸ) ਮਿੱਠੇ

5. ਮਿੱਠੇ ਬੋਲ ਬੋਲਣ ਵਾਲੇ ਮਨੁੱਖ ਅੰਦਰ ਕਿਹੜੇ ਗੁਣਾਂ ਦਾ ਵਿਕਾਸ ਹੁੰਦਾ ਹੈ ?

(ੳ) ਮਦਦ, ਨੈਤਿਕਤਾ, ਗੁੱਸਾ (ਅ) ਕੁੜੱਤਣ, ਅਨੈਤਿਕਤਾ, ਮਦਦ

(ੲ) ਦੁਸ਼ਮਣੀ, ਵੈਰ, ਵਿਰੋਧ (ਸ) ਨਿਮਰਤਾ, ਨੈਤਿਕਤਾ, ਮਦਦ

ੲ)1. ਭਵਿੱਖਤ ਕਾਲ ਚੁਣੋ:
ੳ) ਹੈ, ਹਨ, ਹਾਂ
ਅ) ਸੀ, ਸਨ, ਸਾਂ
ੲ) ਗਾ, ਗੇ, ਗੀ
ਹ) ਨੂੰ, ਨੇ, ਨਾਲ

2. ਗਰੀਬਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਹਨ। ਇਸ ਵਾਕ ਨੂੰ ਵਰਤਮਾਨ ਕਾਲ ਵਿੱਚ ਬਦਲੋ।
ੳ) ਗਰੀਬਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।
ਅ) ਗਰੀਬਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ।
ੲ) ਗਰੀਬਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਸਨ।
ਹ) ਗਰੀਬਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾ ਚੁੱਕੀਆਂ ਹਨ।

3. ਹੇਠ ਲਿਖੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ:
ੳ) ਸ਼ਨੈਹਰੀ
ਅ) ਸ਼ੁਨੈਹਿਰੀ
ੲ) ਸੁਨਹਿਰੀ
ਸ) ਸੋਨਹੀਰੀ

4. ਸ਼ੁੱਧ ਸ਼ਬਦ ਜੋੜ ਚੁਣੋ:
ੳ) ਸੇਹਤ
ਅ) ਸਿਹਤ
ੲ) ਸੇਅਤ
ਸ) ਸ਼ੇਹਤ

ਸ)1. ਲਕੀਰੇ ਸ਼ਬਦ ਦਾ ਵਚਨ ਦੱਸੋ।
ਮੁੰਡੇ ਨੇ ਗੀਤ ਗਾਇਆ।
ੳ) ਦੋ-ਵਚਨ
ਅ) ਇੱਕ-ਵਚਨ
ੲ) ਬਹੁ-ਵਚਨ
ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

2. ਬਹੁ-ਵਚਨ ਵਾਲਾ ਸਹੀ ਵਿਕਲਪ ਚੁਣੋ
ੳ) ਮੈਂ ਆਪਣੇ ਨਾਨਕੇ ਗਿਆ।
ਅ) ਮੈਂ ਆਪਣੇ ਨਾਨਕਿਆਂ ਗਿਆ।
ੲ) ਅਸੀਂ ਆਪਣੇ ਨਾਨਕਿਆਂ ਗਏ।
ਸ) ਅਸੀਂ ਆਪਣੇ ਨਾਨਕੇ ਗਏ।

3. ਜੰਗਲ ਦੀ ਅੱਗ ਵਿੱਚ ਹਾਥੀ ਸੜ ਗਏ। ਵਾਕ ਵਿੱਚ ਹਾਥੀ ਕਿਹੜਾ ਵਚਨ ਹੈ?
ੳ) ਇਕ ਵਚਨ
ਅ) ਬਹੁ-ਵਚਨ
ੲ) ਦੋ ਵਚਨ
ਸ) ਇਹਨਾਂ ਵਿੱਚੋਂ ਕੋਈ ਨਹੀਂ

4. ਉਲਟੀ ਵਾੜ ਖੇਤ ਨੂੰ ..............। ਸਹੀ ਵਿਕਲਪ ਚੁਣ ਕੇ ਅਖਾਣ ਪੂਰਾ ਕਰੋ।

ੳ) ਸਜਾਏ
ਅ) ਬਚਾਏ
ੲ) ਸਾੜੇ
ਸ) ਖਾਏ

5. 'ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ' ਇਹ ਅਖਾਣ ਕਿਸ ਮੌਕੇ ਵਰਤਿਆ ਜਾਂਦਾ ਹੈ?

ੳ) ਜਦੋਂ ਕਿਸੇ ਨੂੰ ਵਿਆਹ ਤੇ ਬੁਲਾਇਆ ਜਾਵੇ।
ਅ) ਜਦੋਂ ਕਿਸੇ ਦੀ ਬੇਇੱਜ਼ਤੀ ਕਰਨੀ ਹੋਵੇ।
ੲ) ਜਦੋਂ ਕੋਈ ਬੁਲਾਵੇ ਤੇ ਵੀ ਨਾ ਆਵੇ।
ਸ) ਜਦੋਂ ਕੋਈ ਬਦੋਬਦੀ ਕਿਸੇ ਦੇ ਮਾਮਲੇ ਵਿੱਚ ਦਖਲ ਦੇਵੇ।

6. ਜਦੋਂ ਦੋਵੇਂ ਧਿਰਾਂ ਕਸੂਰਵਾਰ ਹੋਣ ਤਾਂ ਕਿਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ?

ੳ) ਇੱਕ ਹੱਥ ਨਾਲ ਤਾੜੀ ਨਹੀਂ ਵਜਦੀ।
ਅ) ਆਪਣੀ ਪੀੜ੍ਹੀ ਹੇਠ ਸੋਟਾ ਮਾਰਨਾ।
ੲ) ਝਟ ਮੰਗਣੀ ਪਟ ਵਿਆਹ।
ਸ) ਅਕਲਾਂ ਬਾਝੋਂ ਖੂਹ ਖਾਲੀ।

7. 'ਹਾਂਡੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ' ਇਹ ਅਖਾਣ ਕਿਸ ਮੌਕੇ ਵਰਤਿਆ ਜਾਂਦਾ ਹੈ?

ੳ) ਮਾੜੇ ਬੰਦੇ ਦਾ ਗੁੱਸਾ ਉਸ ਨੂੰ ਨੁਕਸਾਨ ਪਹੁੰਚਾਉਂਦਾ ਹੈ।
ਅ) ਜਦੋਂ ਪਤੀਲਾ ਸੜ ਜਾਵੇ।
ੲ) ਜਦੋਂ ਅੱਗ ਬੁੱਝ ਜਾਵੇ।
ਸ) ਜਦੋਂ ਕੋਈ ਮਾੜੇ ਵਿਅਕਤੀ ਦਾ ਨੁਕਸਾਨ ਕਰੇ।

8. ਜਦੋਂ ਮਿਹਨਤ ਵੱਧ ਤੇ ਲਾਭ ਘੱਟ ਹੋਵੇ ਤਾਂ ਕਿਹੜਾ ਅਖਾਣ ਵਰਤਿਆ ਜਾਂਦਾ ਹੈ?

ੳ) ਜਿੱਥੇ ਚਾਹ, ਉੱਥੇ ਰਾਹ
ਅ) ਜੋ ਕਰੇਗਾ, ਸੋ ਭਰੇਗਾ
ੲ) ਪੁੱਟਿਆ ਪਹਾੜ ਤੇ ਨਿਕਲਿਆ ਚੂਹਾ
ਸ) ਆਂਡੇ ਕਿਤੇ ਤੇ ਕੁੜ ਕੁੜ ਕਿਤੇ

## ਭਾਗ - ੲ

ਪਾਠ-ਪੁਸਤਕ ਤੇ ਅਧਾਰਿਤ

ੳ) ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿੱਚ ਦਿਓ: (1×9=9)

1) ਖੁਸ਼ਦਿਲ ਖਾਂ ਕਿਸ ਪਿੰਡ ਦਾ ਰਹਿਣ ਵਾਲਾ ਸੀ?
2) ਮੁਕਲਾਵੇ ਤੁਰਦੀਆਂ ਕੁੜੀਆਂ ਕਿਉਂ ਰੁੱਸ ਬੈਠਦੀਆਂ ਸਨ?
3) ਦਿਉਕੀ ਨਰਾਇਣ ਨੂੰ ਸਿਰ੍ਹਾਣੇ ਹੇਠੋਂ ਕੀ ਕੱਢ ਕੇ ਦੇਂਦੀ ਹੈ?
4) ਮਹਾਂਕਵੀ ਟੈਗੋਰ ਦਾ ਜਨਮ ਕਦੋਂ ਹੋਇਆ?
5) ਭਗਵਾਨ ਮਹਾਂਵੀਰ ਕਿਸ ਦੇ ਸਮਕਾਲੀ ਸਨ?
6) ਕਵਿਤਾ 'ਅਮਲ ਤੇ ਇਲਮ' ਵਿੱਚ ਭਾਈ ਵੀਰ ਸਿੰਘ ਜੀ ਕਿਸ ਨੂੰ ਪਹਿਲ ਦੇਂਦੇ ਹਨ?
7) "ਨਵੀਨ ਆਸ" ਕਵਿਤਾ ਦੇ ਕਵੀ ਦਾ ਨਾਂ ਦੱਸੋ।
8) "ਮਨੁੱਖ ਅਤੇ ਮਸ਼ੀਨ" ਲੇਖ ਗਾਰਗੀ ਦੇ ਕਿਸ ਸਫ਼ਰਨਾਮੇ ਵਿੱਚੋਂ ਲਿਆ ਗਿਆ ਹੈ?
9) ਵੀਣੀ ਸੌਂਸਕੀਆਂ ਕਿਉਂ ਭਰਦੀ ਹੈ?

ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ: (8×2=16)

1) ਚੰਨਣ ਨੇ ਗੁਲਬਾਨੋਂ ਨੂੰ ਵੇਖ ਕੇ ਕੀ ਮਹਿਸੂਸ ਕੀਤਾ ਤੇ ਲੋਕਾਂ ਵਿੱਚ ਕੀ-ਕੀ ਗੱਲਾਂ ਕੀਤੀਆਂ?
2) ਕਿਸ਼ਨੋ ਨੇ ਆਪਣੇ ਜਵਾਈ ਦਾ ਦਿਲ ਕਿਵੇਂ ਜਿੱਤ ਲਿਆ?
3) ਨਰਾਇਣ ਦਰੋਗੇ ਨੂੰ ਆਖਦਾ ਹੈ, "ਸਾਡੇ ਪਿੰਡ ਦਾ ਮੁਰਦਾ ਖਰਾਬ ਹੋਣ ਤੋਂ ਬਚਾ ਦਿੱਤਾ ਜੇ"। ਤੁਹਾਡੇ ਵਿਚਾਰ ਅਨੁਸਾਰ ਨਰਾਇਣ ਦੇ ਪਿੰਡ ਦਾ ਮੁਰਦਾ ਕੌਣ ਖਰਾਬ ਕਰ ਰਿਹਾ ਸੀ?
4) ਯੁੱਧ ਬਾਰੇ ਟੈਗੋਰ ਦੇ ਕੀ ਵਿਚਾਰ ਸਨ?
5) ਆਪਣੀ ਸਾਢੇ ਬਾਰਾਂ ਦੀ ਘੋਰ ਤਪੱਸਿਆ ਸਮੇਂ ਵਰਧਮਾਨ ਮਹਾਂਵੀਰ ਨੂੰ ਕੀ-ਕੀ ਕਸ਼ਟ ਸਹਿਣੇ ਪਏ?
6) ਦੁਨੀਆਂ ਨੂੰ ਕਿਸ ਨੇ ਵਸਾਇਆ ਹੈ? ਉਸ ਨੂੰ ਦੁਨੀਆਂ ਨੇ ਬਦਲੇ ਵਿੱਚ ਕੀ ਦਿੱਤਾ ਹੈ?
7) ਕਵੀ ਪੇਪੀ ਲਈ ਵੀਰੇ, ਅੰਮੜੀ ਤੇ ਬਾਬਲ ਦੇ ਕਿਹੋ ਜਿਹੇ ਸੁਫਨੇ ਲੋਚਦਾ ਹੈ?
8) ਆਤਮ ਵਿਸ਼ਵਾਸ ਤੇ ਘਮੰਡ ਵਿੱਚ ਕੀ ਫਰਕ ਹੈ?

ੲ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਦਿਓ। (5×2=10)

1. 'ਦੇਸ਼ ਪਿਆਰ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਤ੍ਰੈ ਮਾਵਾਂ' ਕਵਿਤਾ ਦਾ ਸਾਰ ਲਿਖੋ।

2. "30 ਸਾਲ ਪਹਿਲਾਂ ਜੇ ਕੋਈ ਚੀਜ਼ ਨੂੰ ਹੱਥ ਲੱਗਿਆ ਹੁੰਦਾ ਤਾਂ ਉਹ ਭਿੱਟੀ ਜਾਂਦੀ, ਅੱਜ ਇਸ ਹੱਥ ਦਾ ਮੁੱਲ ਤਰਦਾ ਹੈ।" ਇਸ ਕਥਨ ਦਾ ਭਾਵ ਸਪਸ਼ਟ ਕਰੋ।

ਜਾਂ

'ਨਰਾਇਣ' ਦਾ ਪਾਤਰ ਚਿਤਰਣ ਆਪਣੇ ਸ਼ਬਦਾਂ ਵਿੱਚ ਲਿਖੋ।

ਸ) ਕਦਰਾਂ-ਕੀਮਤਾਂ ਤੇ ਅਧਾਰਤ ਪ੍ਰਸ਼ਨ: (5)

ਅੱਜ ਦੇ ਸਮੇਂ ਵਿੱਚ ਜਦੋਂ ਸਾਨੂੰ ਅਨੇਕ ਬਿਮਾਰੀਆਂ ਨੇ ਚਾਰੇ ਪਾਸਿਓਂ ਘੇਰਿਆ ਹੋਇਆ ਹੈ, ਸਰੀਰ ਨੂੰ ਸੁਡੋਲ ਤੇ ਸਵਸਥ ਰੱਖਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਉੱਤਰ 100-125 ਸ਼ਬਦਾਂ ਵਿੱਚ ਲਿਖੋ।

## ਭਾਗ - ਸ

1) ਲਿਖਤੀ

ਹੇਠ ਲਿਖੇ ਨੁਕਤਿਆਂ ਦੇ ਅਧਾਰ ਤੇ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (10)

ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਨੁਕਤੇ:
- ਜਨਮ
- ਬਚਪਨ ਤੇ ਵਿੱਦਿਆ
- ਪਿਤਾ ਜੀ ਦੀ ਸ਼ਹੀਦੀ
- ਲੜਾਈਆਂ
- ਖਾਲਸਾ ਪੰਥ ਦੀ ਸਾਜਣਾ
- ਆਖਰੀ ਸਮਾਂ ਤੇ ਜੋਤੀ -ਜੋਤ ਸਮਾਉਣਾ

ਜਾਂ

ਵਿਦਿਆਰਥੀ ਅਤੇ ਫੈਸ਼ਨ

ਨੁਕਤੇ:
- ਫੈਸ਼ਨ ਦਾ ਅਰਥ
- ਵਿਦਿਆਰਥੀਆਂ ਤੇ ਫੈਸ਼ਨ ਦਾ ਪ੍ਰਭਾਵ
- ਅਨੁਸ਼ਾਸਨਹੀਨਤਾ
- ਰੰਗਾਂ ਦੀ ਇਕਸਾਰਤਾ
- ਫੈਸ਼ਨ ਪ੍ਰਚਾਰ ਲਈ ਜ਼ੁੰਮੇਵਾਰ
- ਨੁਕਸਾਨ ਤੇ ਸਾਰੰਸ਼

ਅ) ਵਿਦਿਆਰਥੀ ਸੰਘ ਦੇ ਸਕੱਤਰ ਵਜੋਂ ਸਕੂਲ ਪ੍ਰਿੰਸੀਪਲ ਨੂੰ ਪੱਤਰ ਲਿਖੋ, ਜਿਸ ਵਿੱਚ ਵਿਦਿਆਰਥੀਆਂ ਦੀਆਂ ਮੰਗਾਂ ਦਾ ਵੇਰਵਾ ਦਿਓ।

ਜਾਂ

ਆਪਣੇ ਪਿਤਾ ਜੀ ਨੂੰ ਚਿੱਠੀ ਲਿਖ ਕੇ ਦੱਸੋ ਕਿ ਤੁਸੀਂ ਦਸਵੀਂ ਦੇ ਇਮਤਿਹਾਨ ਤੋਂ ਬਾਅਦ ਕੀ ਕਰਨਾ ਚਾਹੁੰਦੇ ਹੋ। (10)